بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡد
لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in　ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਵਕ਼ਫ਼ਿ ਜਦੀਦ ਦੇ ਅਠਾਹਠਵੇਂ (68ਵੇਂ) ਸਾਲ ਦੇ ਦੌਰਾਨ ਜਮਾਅਤ ਦੇ ਲੋਕਾਂ ਵੱਲੋਂ ਪੇਸ਼ ਕੀਤੀਆਂ ਜਾਣ ਵਾਲੀਆਂ ਕੁਰਬਾਨੀਆਂ ਦਾ ਤਜ਼ਕਿਰਾ ਅਤੇ ਉਨੱ੍ਤਰਵੇਂ (69ਵੇਂ) ਸਾਲ ਦਾ ਐਲਾਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 09 ਜਨਵਰੀ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ اَلۡحَمۡدُ لِلّٰهِ رَبِّ الۡعٰلَمِيۡنَ ۞ اَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ اِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

**ਤਸ਼ੱਹੁਦ**, **ਤਅੱਵੁਜ਼**, **ਸੂਰਤ ਫ਼ਾਤਿਹਾ** ਅਤੇ ਸੂਰਤ ਆਲਿ ਇਮਰਾਨ ਦੀ ਆਯਤ 93 ਦੀ ਤਿਲਾਵਤ ਤੋਂ ਬਾਅਦ ਇਸ ਆਯਤ ਦਾ ਤਰਜਮਾ ਬਿਆਨ ਕਰਦੇ ਹੋਏ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ: ਤੁਸੀਂ ਕਾਮਿਲ ਨੇਕੀ ਨੂੰ ਹਰਗਿਜ਼ ਨਹੀਂ ਪਾ ਸਕਦੇ ਜਦ ਤੱਕ ਆਪਣੀਆਂ **ਪਸੰਦੀਦਾ** ਚੀਜ਼ਾਂ ਵਿੱਚੋਂ ਖ਼ੁਦਾ ਤਆਲਾ ਦੀ ਰਾਹ ਵਿੱਚ ਖ਼ਰਚ ਨਾ ਕਰੋ। ਅਤੇ ਜੋ ਕੋਈ ਚੀਜ਼ ਵੀ ਤੁਸੀਂ ਖ਼ਰਚ ਕਰੋ ਅੱਲਾਹ ਉਸਨੂੰ ਚੰਗੀ ਤਰ੍ਹਾਂ ਜਾਣਦਾ ਹੈ। ਫ਼ਰਮਾਇਆ ਇਸ ਦੀ ਤਫ਼ਸੀਰ ਵਿੱਚ ਹਜ਼ਰਤ ਖ਼ਲੀਫ਼ਤੁਲ ਮਸੀਹ ਅੱਵਲ ਰਜ਼ਿ ਅੱਲਾਹੁ ਅਨਹੁ ਨੇ ਲਿਖਿਆ ਹੈ ਕਿ ਕੁਰਆਨ ਕਰੀਮ ਵਿੱਚ ਸੂਰਤ ਬਕ਼ਰਾ ਵਿੱਚ ਜਿੱਥੇ ਪਹਿਲਾ ਰੁਕੂਅ ਸ਼ੁਰੂ ਹੁੰਦਾ ਹੈ ਉੱਥੇ **ਮੁੱਤਕ਼ੀ** ਦੇ ਬਾਰੇ ਫ਼ਰਮਾਇਆ ਹੈ وَمِمَّا رَزَقۡنٰهُمۡ يُنۡفِقُوۡنَ ਯਾਨੀ ਜੋ ਕੁੱਝ ਅੱਲਾਹ ਨੇ ਦਿੱਤਾ ਹੈ ਉਸ ਵਿੱਚੋਂ ਖ਼ਰਚ ਕਰਦੇ ਹਨ। ਇਹ ਤਾਂ ਪਹਿਲੇ ਰੁਕੂਅ ਦਾ ਜ਼ਿਕਰ ਹੈ। ਫਿਰ ਇਸ ਸੂਰਤ ਵਿੱਚ ਕਈ ਜਗ੍ਹਾ **ਇਨਫ਼ਾਕ਼ ਫ਼ੀ ਸਬੀਲਿੱਲਾਹ** (ਅਲਾਹ ਦੀ ਰਾਹ ਵਿੱਚ ਖ਼ਰਚ ਕਰਨਾ) ਦੀਆਂ ਬੜੀਆਂ ਤਾਕ਼ੀਦਾਂ ਹਨ। ਬਸ ਤੁਸੀਂ ਹਕ਼ੀਕ਼ੀ ਨੇਕੀ ਨੂੰ ਨਹੀਂ ਪਾ ਸਕੋਗੇ ਜਦ ਤੱਕ ਤੁਸੀਂ ਮਾਲ ਵਿੱਚੋਂ ਖ਼ਰਚ ਨਹੀਂ ਕਰੋਗੇ। مِمَّا تُحِبُّوۡنَ ਦੇ ਮਾਇਨੇ ਮੇਰੇ ਨਜ਼ਦੀਕ ਮਾਲ ਹੈ ਕਿਉਂਕਿ ਅੱਲਾਹ ਤਆਲਾ ਫ਼ਰਮਾਉਂਦਾ ਹੈ وَإِنَّهٗ لِحُبِّ الۡخَيۡرِ لَشَدِيۡدٌ ਕਿ ਇਨਸਾਨ ਨੂੰ ਮਾਲ ਬਹੁਤ ਪਿਆਰਾ ਹੈ। ਬਸ ਹਕ਼ੀਕ਼ੀ ਨੇਕੀ ਨੂੰ ਪਾਉਣ ਦੇ ਲਈ ਜ਼ਰੂਰੀ ਹੈ ਕਿ ਆਪਣੀ ਪਸੰਦੀਦਾ ਚੀਜ਼ **ਮਾਲ** ਵਿੱਚੋਂ ਖ਼ਰਚ ਕਰਦੇ ਰਹੋ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਵੀ ਇਸ ਦੀ ਵੱਖ-ਵੱਖ ਜਗ੍ਹਾ 'ਤੇ ਤਫ਼ਸੀਰ ਫ਼ਰਮਾਈ ਹੈ। ਇੱਕ ਜਗ੍ਹਾ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਫ਼ਰਮਾਉਂਦੇ ਹਨ ਕਿ **ਬੇਕਾਰ** ਅਤੇ **ਨਿਕੰਮੀਆਂ** ਚੀਜ਼ਾਂ ਦੇ ਖ਼ਰਚ ਨਾਲ਼ ਕੋਈ ਆਦਮੀ ਨੇਕੀ ਕਰਨ ਦਾ ਦਾਅਵਾ ਨਹੀਂ ਕਰ ਸਕਦਾ। ਨੇਕੀ ਦਾ ਬੂਹਾ ਤੰਗ ਹੈ। ਬਸ ਇਹ ਗੱਲ ਜ਼ਿਹਨ ਵਿੱਚ ਰੱਖੋ ਕਿ ਨਿਕੰਮੀਆਂ ਚੀਜ਼ਾਂ ਦੇ ਖ਼ਰਚ ਕਰਨ ਨਾਲ਼ ਕੋਈ ਇਸ ਵਿੱਚ ਦਾਖ਼ਿਲ ਨਹੀਂ ਹੋ ਸਕਦਾ। ਜੇਕਰ ਤਕਲੀਫ਼ ਉਠਾਉਣਾ ਨਹੀਂ ਚਾਹੁੰਦੇ ਅਤੇ ਹਕ਼ੀਕ਼ੀ ਨੇਕੀ ਨੂੰ ਇਖ਼ਤਿਆਰ ਕਰਨਾ ਨਹੀਂ ਚਾਹੁੰਦੇ ਤਾਂ ਕਿਵੇਂ **ਕਾਮਯਾਬ** ਅਤੇ **ਬਾ-ਮੁਰਾਦ** ਹੋ ਸਕਦੇ ਹੋ।

ਹਜ਼ੂਰ ਅਨਵਰ ਨੇ ਤਵੱਜੋ ਦਵਾਈ ਕਿ ਉਹ ਲੋਕ ਜਿਹੜੇ ਕਈ ਵਾਰ ਚੰਗਾ ਕਮਾਉਂਦੇ ਹਨ ਪਰ ਆਪਣੀਆਂ ਮਾਲੀ ਕੁਰਬਾਨੀਆਂ ਵਿੱਚ ਉਸ ਮਿਆਰ 'ਤੇ ਨਹੀਂ ਹੁੰਦੇ ਜਿੰਨਾ ਇੱਕ ਆਮ ਔਸਤ ਦਰਜੇ ਦਾ ਕਮਾਉਣ ਵਾਲ਼ਾ ਅਹਮਦੀ ਹੁੰਦਾ ਹੈ। ਤਾਂ ਅਜਿਹੇ ਲੋਕਾਂ ਨੂੰ ਸੋਚਣਾ ਚਾਹੀਦਾ ਹੈ ਕਿ ਅੱਲਾਹ ਤਆਲਾ ਫ਼ਰਮਾਉਂਦਾ ਹੈ ਕਿ ਅਸਲ ਕੁਰਬਾਨੀ ਤਾਂ ਇਹ ਹੈ ਕਿ ਜਿਸ ਚੀਜ਼ ਨਾਲ਼ ਤੁਹਾਨੂੰ ਮੁਹੱਬਤ ਹੈ ਉਹ ਉਸਦੀ ਰਾਹ ਵਿੱਚ ਖ਼ਰਚ ਕਰੋ ਤਦ ਹੀ ਤੁਸੀਂ ਅੱਲਾਹ ਤਆਲਾ ਦੀ **ਰਜ਼ਾ** ਹਾਸਿਲ ਕਰਨ ਵਾਲੇ ਬਣ ਸਕੋਗੇ ਅਤੇ ਉਸਦੇ ਫ਼ਜ਼ਲਾਂ ਦੇ ਵਾਰਿਸ ਬਣ ਸਕੋਗੇ। ਅੱਲਾਹ ਤਆਲਾ ਨੇ ਸਿਰਫ਼ ਇੱਕ ਦੋ ਜਗ੍ਹਾ ਨਹੀਂ ਬਲਕਿ ਕੁਰਆਨ ਕਰੀਮ ਵਿੱਚ ਕਈ ਜਗ੍ਹਾ **ਇਨਫ਼ਾਕ਼ ਫ਼ੀ ਸਬੀਲਿੱਲਾਹ** (ਅਲਾਹ ਦੀ ਰਾਹ ਵਿੱਚ ਖ਼ਰਚ ਕਰਨਾ) ਦਾ ਹੁਕਮ ਫ਼ਰਮਾਇਆ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅੱਲਾਹ ਤਆਲਾ ਦਾ ਫ਼ਜ਼ਲ ਹੈ ਕਿ ਜਮਾਅਤ ਦੇ ਜ਼ਿਆਦਾਤਰ ਲੋਕ ਮਾਲੀ ਕੁਰਬਾਨੀਆਂ ਵਿੱਚ ਬਹੁਤ ਖ਼ੁਸ਼ੀ ਨਾਲ ਹਿੱਸਾ ਲੈਂਦੇ ਹਨ। ਪਰ ਕੁੱਝ ਅਜਿਹੇ ਹਨ ਕਿ ਜਿਨ੍ਹਾਂ ਦੇ ਦਿਲ ਵਿੱਚ ਤੰਗੀ ਹੁੰਦੀ ਹੈ। ਉਨ੍ਹਾਂ ਨੂੰ ਅੱਲਾਹ ਤਆਲਾ ਦੀ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਅੱਲਾਹ ਤਆਲਾ ਦੀ ਰਾਹ ਵਿੱਚ ਮਾਲ ਖ਼ਰਚ ਕਰਨਾ ਜ਼ਰੂਰੀ ਹੈ। ਜ਼ਿਆਦਾ ਕਮਾਉਣ ਵਾਲੇ ਬੇਸ਼ੱਕ ਕੁੱਝ ਅਜਿਹੇ ਹਨ ਕਿ ਜਿਹੜੇ ਤਹਿਰੀਕਾਂ ਵਿੱਚ ਹਿੱਸਾ ਲੈਂਦੇ ਹਨ ਅਤੇ ਬੜਾ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ ਪਰ ਇੱਥੇ ਮੈਂ ਇਹ ਵੀ ਦੱਸ ਦੇਵਾਂ ਕਿ ਉਹ ਚੰਦਾ ਜਿਹੜਾ ਹਿੱਸਾ ਆਮਦ ਵਗ਼ੈਰਾ ਦਾ ਹੈ ਉਹ ਸਹੀ ਸ਼ਰਹ ਨਾਲ ਅਦਾ ਨਹੀਂ ਕਰਦੇ ਅਤੇ ਇਸ ਵਿੱਚ **ਬਾ-ਕ਼ਾਇਦਾ** ਨਹੀਂ ਹਨ। ਅਜਿਹੇ ਲੋਕਾਂ ਨੂੰ ਆਪਣਾ ਜਾਇਜ਼ਾ ਲੈਣਾ ਚਾਹੀਦਾ।

ਅਹਾਦੀਸ ਵਿੱਚ ਵੀ ਇਸ ਬਾਰੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਕਈ ਜਗ੍ਹਾ ਸਾਨੂੰ ਇਸ ਗੱਲ ਦੀ ਨਸੀਹਤ ਫ਼ਰਮਾਈ ਹੈ ਕਿ ਮਾਲੀ ਕੁਰਬਾਨੀ ਕਰਨੀ ਚਾਹੀਦੀ ਹੈ। ਹਜ਼ਰਤ ਹਸਨ ਰਜ਼ਿ ਅੱਲਾਹੁ ਅਨਹੁ ਤੋਂ ਰਿਵਾਇਤ ਹੈ, ਇਹ ਹਦੀਸ ਕੁਦਸੀ ਹੈ, ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਅੱਲਾਹ ਤਆਲਾ ਦੇ ਹਵਾਲੇ ਨਾਲ ਫ਼ਰਮਾਇਆ ਕਿ ਐ ਆਦਮ ਦੇ ਬੇਟੇ! ਤੂੰ ਆਪਣਾ **ਖ਼ਜ਼ਾਨਾ** ਮੇਰੇ ਕੋਲ ਜਮ੍ਹਾ ਕਰਕੇ ਬੇ-ਫ਼ਿਕਰ ਹੋ ਜਾ, ਨਾ **ਅੱਗ** ਲੱਗਣ ਦਾ ਖ਼ਤਰਾ ਅਤੇ ਨਾ **ਪਾਣੀ** ਵਿੱਚ ਡੁੱਬਣ ਦਾ ਅੰਦੇਸ਼ਾ ਅਤੇ ਨਾ ਕਿਸੇ ਚੋਰ ਦੀ **ਚੋਰੀ** ਦਾ ਡਰ। ਮੇਰੇ ਕੋਲ ਰੱਖਿਆ ਗਿਆ ਖ਼ਜ਼ਾਨਾ ਮੈਂ ਪੂਰਾ ਤੈਨੂੰ ਦੇਵਾਂਗਾ, ਉਸ ਦਿਨ ਜਦਕਿ ਤੂੰ ਇਸ ਦਾ ਸਭ ਤੋਂ ਜ਼ਿਆਦਾ **ਮੁਹਤਾਜ** ਹੋਵੇਂਗਾ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅਸੀਂ ਖ਼ੁਸ਼ ਕ਼ਿਸਮਤ ਹਾਂ ਕਿ ਅੱਜ ਅਹਮਦੀਆਂ ਵਿੱਚੋਂ ਜ਼ਿਆਦਾਤਰ ਲੋਕਾਂ ਨੂੰ ਇਸ ਗੱਲ ਦੀ ਸਮਝ ਹੈ। ਉਹ ਅੱਲਾਹ ਦੀ ਰਾਹ ਵਿੱਚ ਬੇ-ਸ਼ੁਮਾਰ ਖ਼ਰਚ ਕਰਦੇ ਹਨ। ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦੇ ਜ਼ਮਾਨੇ ਵਿੱਚ ਵੀ ਇਸ ਖ਼ਰਚ ਦੀ ਅਜਿਹੀਆਂ ਮਿਸਾਲਾਂ ਮਿਲਦੀਆਂ ਹਨ। ਬਲਕਿ ਉਨ੍ਹਾਂ ਨੂੰ ਦੇਖ ਕੇ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਇੱਕ ਵਾਰ ਫ਼ਰਮਾਇਆ ਸੀ ਕਿ ਮੈਂ ਹੈਰਾਨ ਹੁੰਦਾ ਹਾਂ ਕਿ ਕਿਸ ਤਰ੍ਹਾਂ **ਗ਼ਰੀਬ** ਲੋਕ ਦੀਨ ਦੀ ਖ਼ਾਤਿਰ ਇੰਨੀਆਂ ਕੁਰਬਾਨੀਆਂ ਕਰ ਰਹੇ ਹਨ। ਅੱਜ ਵੀ ਇਹੀ ਹਾਲ ਹੈ। ਮੈਂ ਦੇਖਿਆ ਹੈ ਕਿ ਅਕਸਰ ਗ਼ਰੀਬਾਂ ਵਿੱਚੋਂ ਜਾਂ ਔਸਤ ਦਰਜੇ ਦੇ ਕਮਾਉਣ ਵਾਲੇ ਜਿਹੜੇ ਹਨ ਉਹ ਬਹੁਤ ਵੱਡੀਆਂ ਵੱਡੀਆਂ ਕੁਰਬਾਨੀਆਂ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਇਹ ਸਮਝ ਹੈ ਕਿ ਅੱਲਾਹ ਤਆਲਾ ਨੇ ਇਹ ਮਾਲ ਸਾਨੂੰ ਪਰਤਾ ਕੇ ਦੇਣਾ ਹੈ ਜਾਂ ਅਸੀਂ ਅੱਲਾਹ ਤਆਲਾ ਦੇ ਫ਼ਜ਼ਲਾਂ ਦੇ **ਵਾਰਿਸ** ਬਣਾਂਗੇ। ਕਿਸ ਤਰ੍ਹਾਂ? ਇਹ ਅੱਲਾਹ ਤਆਲਾ ਬਿਹਤਰ ਜਾਣਦਾ ਹੈ, ਇਸ ਜਹਾਨ ਵਿੱਚ ਵੀ ਅਤੇ ਅਗਲੇ ਜਹਾਨ ਵਿੱਚ ਵੀ। ਅਸਲ ਗੱਲ ਇਹੀ ਹੈ ਕਿ ਅਗਲੇ ਜਹਾਨ ਵਿੱਚ ਅੱਲਾਹ ਤਆਲਾ ਉਸਨੂੰ ਪਰਤਾਵੇਗਾ। ਉਸ ਦੇ ਸਵਾਬ ਵਿੱਚ ਸ਼ਾਮਿਲ ਕਰੇਗਾ ਅਤੇ ਇਹ ਕੁਰਬਾਨੀਆਂ ਉਨ੍ਹਾਂ ਦੇ ਲਈ ਦਰਜਿਆਂ ਦੀ ਬੁਲੰਦੀ ਦਾ ਕਾਰਨ ਹੋਣਗੀਆਂ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਫ਼ਰਮਾਉਂਦੇ ਹਨ ਕਿ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ **ਤਕ਼ਵਾ** ਅਤੇ **ਤਹਾਰਤ** (ਪਾਕੀਜ਼ਗੀ, ਪਵਿੱਤਰਤਾ) ਵਿੱਚ ਕਿੱਥੋਂ ਤੱਕ ਤਰੱਕੀ ਕੀਤੀ ਹੈ, ਇਸ ਦਾ ਮਿਆਰ ਕੁਰਆਨ ਹੈ। ਅੱਲਾਹ ਤਆਲਾ ਨੇ ਮੁੱਤਕ਼ੀ ਦੇ ਨਿਸ਼ਾਨਾਂ ਵਿੱਚੋਂ ਇੱਕ ਨਿਸ਼ਾਨ ਇਹ ਵੀ ਰੱਖਿਆ ਹੈ ਕਿ ਅੱਲਾਹ ਤਆਲਾ ਮੁੱਤਕ਼ੀ ਨੂੰ **ਮਕਰੂਹਾਤਿ ਦੁਨੀਆ** (ਦੁਨੀਆ ਦੀਆਂ ਨਾ ਪਸੰਦੀਦਾ ਚੀਜ਼ਾਂ) ਤੋਂ ਆਜ਼ਾਦ ਕਰਕੇ ਉਸਦੇ ਕੰਮਾਂ ਦਾ ਖ਼ੁਦ ਵਾਲੀ ਹੋ ਜਾਂਦਾ ਹੈ।

ਫਿਰ ਹਜ਼ੂਰ ਅਨਵਰ ਨੇ ਫ਼ਰਮਾਇਆ ਕਿਉਂਕਿ ਇਸ ਵਕ਼ਤ ਮੈਂ ਵਕ਼ਫ਼ਿ ਜਦੀਦ ਦੇ ਹਵਾਲੇ ਨਾਲ ਗੱਲ ਕਰਨ ਵਾਲਾ ਹਾਂ ਇਸ ਲਈ ਮੈਂ ਉਨ੍ਹਾਂ ਲੋਕਾਂ ਦੀਆਂ ਕੁੱਝ ਮਿਸਾਲਾਂ ਪੇਸ਼ ਕਰ ਦਿੰਦਾ ਹਾਂ ਜਿਨ੍ਹਾਂ ਨੇ ਵਕ਼ਫ਼ਿ ਜਦੀਦ ਦੇ ਚੰਦੇ ਦਿੱਤੇ ਅਤੇ ਉਨ੍ਹਾਂ 'ਤੇ ਅੱਲਾਹ ਤਆਲਾ ਨੇ **ਫ਼ਜ਼ਲ** ਕੀਤਾ ਜਾਂ ਉਨ੍ਹਾਂ ਨੂੰ ਅੱਲਾਰ ਤਆਲਾ 'ਤੇ ਕਿੰਨਾ ਯਕ਼ੀਨ ਅਤੇ ਮਾਣ ਸੀ ਕਿ ਜੇਕਰ ਉਹ ਕੁਰਬਾਨੀ ਕਰ ਦੇਣ ਤਾਂ ਅੱਲਾਹ ਤਆਲਾ ਉਨ੍ਹਾਂ ਦੀ ਜ਼ਰੂਰਤਾਂ ਪੂਰੀਆਂ ਕਰੇਗਾ।

ਇਸ ਸੰਦਰਭ ਵਿੱਚ ਹਜ਼ੂਰ ਅਨਵਰ ਨੇ ਇੰਡੋਨੇਸ਼ੀਆ, ਕੀਨੀਆ ਅਤੇ ਕ਼ਾਜ਼ਕ਼ਸਤਾਨ ਵਗ਼ੈਰਾ ਮੁਲਕਾਂ ਦੇ ਮਾਲੀ ਕੁਰਬਾਨੀ ਦੇ ਬਾਰੇ **ਇਮਾਨ ਅਫ਼ਰੋਜ਼ ਵਾਕ਼ਿਆਤ** ਬਿਆਨ ਕਰਨ ਦੇ ਬਾਅਦ ਫ਼ਰਮਾਇਆ: ਇੰਡੀਆ ਤੋਂ ਉੱਥੇ ਦੇ ਇੰਸਪੈਕਟਰ ਵਕ਼ਫ਼ਿ ਜਦੀਦ ਲਿਖਦੇ ਹਨ ਕਿ ਇੱਕ ਜਮਾਅਤ ਵਿੱਚ ਇੱਕ ਸਾਹਿਬ ਹਨ, ਉਨ੍ਹਾਂ ਦੇ ਕੋਲ ਗਏ, ਉਨ੍ਹਾਂ ਦਾ 16 ਹਜ਼ਾਰ ਰੁਪਏ ਦਾ ਚੰਦਾ ਵਕ਼ਫ਼ਿ ਜਦੀਦ ਬਕ਼ਾਇਆ ਸੀ। ਉਨ੍ਹਾਂ ਨੇ ਆਪਣੀ ਇੱਕ ਬਹੁਤ ਜ਼ਰੂਰੀ **ਕ਼ਿਸਤ** ਅਦਾ ਕਰਨੀ ਸੀ। ਸਾਡੇ ਪਹੁੰਚਣ 'ਤੇ ਉਨ੍ਹਾਂ ਨੇ ਕਿਹਾ ਕਿ ਮੈਂ ਆਪਣੀ **ਈ.ਐਮ.ਆਈ** (EMI) ਦੀ ਜਿਹੜੀ ਕ਼ਿਸਤ ਦੇਣੀ ਹੈ, ਉਹ ਤਾਂ ਦੇਖੀ ਜਾਵੇਗੀ, ਮੈਂ ਉਹ ਬਾਅਦ ਵਿੱਚ ਅਦਾ ਕਰ ਦੇਵਾਂਗਾ, ਹੁਣ ਕਿਉਂਕਿ ਮੇਰਾ ਬਕ਼ਾਇਆ ਹੈ ਅਤੇ ਤੁਸੀਂ ਮੇਰੇ ਕੋਲ ਆ ਵੀ ਗਏ ਹੋ ਤਾਂ ਪਹਿਲਾਂ ਮੈਂ ਤੁਹਾਨੂੰ ਚੰਦੇ ਦਾ ਬਕ਼ਾਇਆ ਅਦਾ ਕਰਦਾ ਹਾਂ। ਅਸੀਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਮੁਸ਼ਕਿਲ ਹਾਲਾਤਾਂ ਵਿੱਚ ਹੋ

ਇਸ ਵੇਲੇ ਤੁਸੀਂ ਅੱਧਾ ਅਦਾ ਕਰ ਦਿਓ, ਬਾਕ਼ੀ ਬਾਅਦ ਵਿੱਚ ਦੇ ਦਿਓ। ਉਨ੍ਹਾਂ ਨੇ ਜਵਾਬ ਦਿੱਤਾ ਕਿ ਪਹਿਲਾਂ ਅੱਲਾਹ ਤਆਲਾ ਦੇ ਲਈ ਕੱਢਣਾ ਹੈ ਬਾਕ਼ੀ ਮਾਮਲੇ ਅੱਲਾਹ ਤਆਲਾ ਬਿਹਤਰ ਕਰ ਦੇਵੇਗਾ ਇਨਸ਼ਾ ਅੱਲਾਹ। ਜੇਕਰ ਮੈਂ **ਤਕ਼ਵਾ** ਤੋਂ ਕੰਮ ਲੈ ਰਿਹਾ ਹਾਂ ਅਤੇ ਅੱਲਾਹ 'ਤੇ **ਤਵੱਕਲ** ਕਰ ਰਿਹਾ ਹਾਂ ਤਾਂ ਅੱਲਾਹ ਤਆਲਾ ਬਿਹਤਰ ਸਮਾਨ ਪੈਦਾ ਕਰੇਗਾ। ਬਾਅਦ ਵਿੱਚ ਉਨ੍ਹਾਂ ਨੇ ਫ਼ੋਨ 'ਤੇ ਦੱਸਿਆ ਕਿ ਉਨ੍ਹਾਂ ਨੂੰ ਇੱਕ ਰਕ਼ਮ ਜਿਹੜੀ ਕਾਫ਼ੀ ਅਰਸੇ ਤੋਂ ਰੁਕੀ ਹੋਈ ਸੀ ਅਤੇ ਉਮੀਦ ਨਹੀਂ ਸੀ ਕਿ ਉਹ ਮੈਨੂੰ ਇੰਨੀ ਛੇਤੀ ਮਿਲ ਜਾਵੇਗੀ ਉਹ ਅਚਾਨਕ ਮਿਲ ਗਈ। ਇਸ ਤਰ੍ਹਾਂ ਅੱਲਾਹ ਤਆਲਾ ਨੇ ਚੰਦੇ ਦੀ ਬਰਕਤ ਨਾਲ ਸਾਰੇ ਕੰਮ ਪੂਰੇ ਕਰ ਦਿੱਤੇ। ਮੇਰੇ ਇਮਾਨ ਵਿੱਚ ਵੀ ਵਾਧਾ ਹੋਇਆ ਅਤੇ ਮੈਂ ਦੇਖਿਆ ਕਿ ਕ਼ੁਰਬਾਨੀ ਕਰਨ ਵਾਲਿਆਂ ਨਾਲ ਅੱਲਾਹ ਤਆਲਾ ਕੈਸਾ **ਸਲੂਕ** ਕਰਦਾ ਹੈ।

ਵਕ਼ਫ਼ਿ ਜਦੀਦ ਦੇ ਮਾਲੀ ਜਿਹਾਦ ਵਿੱਚ ਕ਼ੁਰਬਾਨੀ ਕਰਨ ਵਾਲੇ ਮੁਖ਼ਲਿਸ ਲੋਕਾਂ ਦੇ ਵੱਖ-ਵੱਖ ਇਮਾਨ ਅਫ਼ਰੋਜ਼ ਵਾਕ਼ਿਆਤ ਅਤੇ ਉਨ੍ਹਾਂ 'ਤੇ ਨਾਜ਼ਿਲ ਹੋਣ ਵਾਲੇ ਖ਼ੁਦਾ ਤਆਲਾ ਦੇ ਗ਼ੈਰ ਮਾਮੂਲੀ **ਅਫ਼ਜ਼ਾਲ** ਦਾ ਤਜ਼ਕਿਰਾ ਕਰਨ ਦੇ ਬਾਅਦ ਹਜ਼ੂਰ ਅਨਵਰ ਨੇ ਮੁਲਕਾਂ ਅਤੇ ਜਮਾਅਤਾਂ ਦੀਆਂ ਪੋਜ਼ੀਸ਼ਨਾਂ ਬਿਆਨ ਫ਼ਰਮਾਈਆਂ। ਅੱਲਾਹ ਤਆਲਾ ਦੇ ਫ਼ਜ਼ਲ ਨਾਲ ਵਕ਼ਫ਼ਿ ਜਦੀਦ ਦੇ ਇਸ ਸਾਲ ਦੌਰਾਨ ਜਮਾਅਤ ਅਹਮਦਿੱਯਾ ਆਲਮਗੀਰ ਵੱਲੋਂ ਤਕ਼ਰੀਬਨ 15 ਮਿਲੀਅਨ ਪਾਉਂਡ ਦੀ ਮਾਲੀ ਕ਼ੁਰਬਾਨੀ ਪੇਸ਼ ਕੀਤੀ ਗਈ। ਇਹ ਵਸੂਲੀ ਪਿਛਲੇ ਸਾਲ ਤੋਂ 1.3 ਮਿਲੀਅਨ ਪਾਉਂਡ ਜ਼ਿਆਦਾ ਹੈ।

**ਵਸੂਲੀ ਦੇ ਲਿਹਾਜ਼ ਨਾਲ ਦੁਨੀਆ ਭਰ ਦੀਆਂ ਪਹਿਲੀਆਂ ਦਸ ਜਮਾਅਤਾਂ:** ਬਰਤਾਨੀਆ, ਕੈਨੇਡਾ, ਜਰਮਨੀ, ਅਮਰੀਕਾ, ਭਾਰਤ, ਆਸਟ੍ਰੇਲੀਆ, ਮਿਡਲ ਈਸਟ ਦੀ ਇੱਕ ਜਮਾਅਤ, ਇੰਡੋਨੇਸ਼ੀਆ, ਮਿਡਲ ਈਸਟ ਦੀ ਇੱਕ ਜਮਾਅਤ ਅਤੇ ਬੈਲਜੀਅਮ।

**ਅਫ਼ਰੀਕ਼ਾ ਦੀਆਂ ਪਹਿਲੀਆਂ ਦਸ ਜਮਾਅਤਾਂ:** ਘਾਨਾ, ਮਾਰੀਸ਼ਸ, ਬੁਰਕੀਨਾ ਫ਼ਾਸੋ, ਤਨਜ਼ਾਨੀਆ, ਨਾਈਜੀਰੀਆ, ਲਾਇਬੇਰੀਆ, ਗੈਂਬੀਆ, ਸੈਰਾਲਿਓਨ ਅਤੇ ਮਾਲੀ।

**ਸ਼ਾਮਿਲ ਹੋਣ ਵਾਲਿਆਂ ਵਿੱਚ ਵਾਧੇ ਦੇ ਲਿਹਾਜ਼ ਨਾਲ ਪ੍ਰਮੁੱਖ ਜਮਾਅਤਾਂ:** ਨਾਈਜੀਰੀਆ, ਨਾਈਜਰ, ਗੈਂਬੀਆ, ਗਿੰਨੀ ਬਸਾਓ, ਕੌਂਗੋ ਬ੍ਰਾਜ਼ਾਵੀਲ, ਆਈਵਰੀ ਕੋਸਟ, ਸੈਂਟ੍ਰਲ ਅਫ਼ਰੀਕ਼ਾ ਅਤੇ ਕੌਂਗੋ ਕਿਨਸ਼ਾਸਾ।

**ਭਾਰਤ ਦੇ ਪਹਿਲੇ ਦਸ ਸੂਬੇ:** ਕੇਰਾਲਾ, ਤਾਮਿਲਨਾਡੂ, ਜੰਮੂ ਕਸ਼ਮੀਰ, ਤਿਲੰਗਾਨਾ, ਕਰਨਾਟਕ, ਓਡੀਸ਼ਾ, ਪੰਜਾਬ, ਵੈਸਟ ਬੰਗਾਲ, ਮਹਾਰਾਸ਼ਟਰ, ਅਤੇ ਉੱਤਰ ਪ੍ਰਦੇਸ਼।

**ਭਾਰਤ ਦੀਆਂ ਪਹਿਲੀਆਂ ਦਸ ਜਮਾਅਤਾਂ:** ਕੋਐਂਬਿਟੂਰ, ਹੈਦਰਾਬਾਦ, ਕਾਦੀਆਂ, ਕਾਲੀਕਟ, ਮਲਯਾਪਾਲਮ, ਬੰਗਲੌਰ, ਮੰਜੀਰੀ, ਕਲਕੱਤਾ, ਕੇਰੰਗ ਅਤੇ ਕੈਰੋਲਾਈ।

ਅੱਲਾਹ ਤਆਲਾ ਇਨ੍ਹਾਂ ਸਭ ਕ਼ੁਰਬਾਨੀ ਕਰਨ ਵਾਲਿਆਂ ਨੂੰ ਬੇ-ਇਨਤਿਹਾ ਬਰਕਤ ਅਤਾ ਫ਼ਰਮਾਵੇ।

ਆਖ਼ਿਰ 'ਤੇ ਹਜ਼ੂਰ ਅਨਵਰ ਨੇ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦੇ ਮਾਲੀ ਕ਼ੁਰਬਾਨੀ ਦੀ ਅਹਿਮੀਅਤ 'ਤੇ ਅਧਾਰਿਤ ਇਕ਼ਤਿਬਾਸ ਦੀ ਰੌਸ਼ਨੀ ਵਿੱਚ ਫ਼ਰਮਾਇਆ ਕਿ ਬਸ ਇਹ ਅੱਲਾਹ ਤਆਲਾ ਦਾ ਖ਼ਾਸ ਫ਼ਜ਼ਲ ਹੈ ਅਤੇ ਅਸੀਂ ਇਹ ਤਜੁਰਬਾ ਵੀ ਕੀਤਾ ਹੈ ਕਿ ਕਿਸ ਤਰ੍ਹਾਂ ਅੱਲਾਹ ਤਆਲਾ ਲੋਕਾਂ ਨੂੰ ਨਵਾਜ਼ਦਾ ਚਲਾ ਜਾਂਦਾ ਹੈ ਕਿਉਂਕਿ ਉਹ ਸਮਝਦੇ ਹਨ ਕਿ ਅੱਲਾਹ ਤਆਲਾ ਦੇ ਕੋਲ ਹੀ ਸਾਰੇ ਖ਼ਜ਼ਾਨੇ ਹਨ। ਉਹ ਆਖ਼ਰੀ ਜਹਾਨ ਵਿੱਚ ਉਨ੍ਹਾਂ ਨੂੰ ਨਵਾਜ਼ੇਗਾ ਪਰ ਇਸ ਦੁਨੀਆ ਵਿੱਚ ਵੀ ਨਵਾਜ਼ਦਾ ਚਲਾ ਜਾਵੇਗਾ। ਇਨਸਾਨ ਹੈਰਾਨ ਰਹਿ ਜਾਂਦਾ ਹੈ ਕਿ ਕਿਸ ਤਰ੍ਹਾਂ ਅੱਲਾਹ ਤਆਲਾ ਸਾਨੂੰ ਨਵਾਜ਼ ਰਿਹਾ ਹੈ। ਅੱਲਾਹ ਤਆਲਾ ਸਾਨੂੰ ਜਿੱਥੇ ਮਾਲੀ ਕ਼ੁਰਬਾਨੀਆਂ ਦੀ ਤੌਫ਼ੀਕ਼ ਅਤਾ ਦਿੰਦਾ ਰਹੇ ਉੱਥੇ ਸਾਡੇ **ਇਮਾਨ** ਅਤੇ **ਯਕ਼ੀਨ** ਵਿੱਚ ਵੀ ਵਾਧਾ ਕਰਦਾ ਚਲਾ ਜਾਵੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞